
# ਸਾਕਾ ਨਨਕਾਣਾ ਸਾਹਿਬ ਦਾ

ਮਲਵਿੰਦਰ ਜੀਤ ਸਿੰਘ ਵੜੈਚ*

ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਸਿੱਖਾਂ ਵੱਲੋਂ ਆਪਣੇ ਗੁਰਧਾਮਾਂ ਤੇ ਪੰਥਕ ਕੰਟਰੋਲ ਸਥਾਪਤ ਕਰਨ ਦੀ ਜਦੋ-ਜਹਿਦ ਕੌਮੀ ਆਜ਼ਾਦੀ ਲਹਿਰ ਦਾ ਹੀ ਭਾਗ ਹੋ ਨਿਬੜੀ ਸੀ, ਜਿਸ ਦਾ ਮੁੱਖ ਕਾਰਨ ਅੰਗ੍ਰੇਜ਼ੀ ਸਰਕਾਰ ਦਾ ਇਹਨਾਂ ਗੁਰਧਾਮਾਂ ਤੇ ਕਾਬਜ਼ ਭਰਿਸ਼ਟ-ਬਦਚੱਲਣ ਮਹੰਤਾਂ ਦੀ ਪਿੱਠ ਠੋਕਣਾ ਸੀ।

ਗੁਰਦੁਆਰਾ ਸੁਧਾਰ ਲਹਿਰ ਦੇ ਪ੍ਰਮੁੱਖ ਅੰਦੋਲਣ 1921 ਤੋਂ 1925 ਵਿਚਕਾਰ ਹੋਏ ਸਨ; ਜਿਨ੍ਹਾਂ ’ਚੋਂ ਦੋ–ਤਿੰਨ ਅੰਦੋਲਣਾਂ ਨੇ ਵੱਖ-ਵੱਖ ਕਾਰਨਾਂ ਕਰਕੇ ਰਾਸ਼ਟਰੀ ਮਹੱਤਵ ਗ੍ਰਹਿਨ ਕਰ ਲਿਆ ਸੀ। ਪਹਿਲਾ ਅੰਦੋਲਣ, ਗੁਰੂ ਨਾਨਕ ਦੇਵ ਜੀ ਦੇ ਜਨਮ–ਸਥਾਨ, ਨਨਕਾਣਾ ਸਾਹਿਬ, ਜ਼ਿਲ੍ਹਾ ਸ਼ੇਖੂਪੁਰਾ ਨਾਲ ਸਬੰਧਤ ਸੀ। ਜਦੋਂ 20 ਫਰਵਰੀ 1921 ਦੀ ਸਵੇਰ ਨੂੰ ਨਿਹੱਥੇ ਸਿੱਖ ਸ਼ਰਧਾਲੂ ਗੁਰਦੁਆਰਾ ਸਾਹਿਬ ਵਿੱਚ ਦਾਖਲ ਹੋਏ ਤਾਂ ਮਹੰਤਾਂ ਵੱਲੋਂ ਲਿਆਂਦੇ ਹੋਏ ਭਾੜੇ ਦੇ ਬਦਮਾਸ਼ਾਂ, ਬੁੱਚੜਾਂ ਅਤੇ ਝਟਕਈਆਂ ਨੇ ਸੌ ਤੋਂ ਵੀ ਵਧੇਰੇ ਸ਼ਰਧਾਲੂਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਉਨ੍ਹਾਂ ਦੇ ਟੁਕੜੇ ਕੀਤੇ ਸਰੀਰਾਂ ਦਾ ਢੇਰ ਲਾ ਕੇ, ਮਿੱਟੀ ਦਾ ਤੇਲ ਛਿੜਕ ਕੇ ਸਾੜ ਦੇਣ ਦਾ, ਵਹਿਸ਼ੀ ਕਾਰਾ ਕਰ ਵਿਖਾਇਆ। ਇਸ ਘਿਨਾਉਣੇ ਕਾਂਡ ਨੇ ਸਿੱਖ ਕੌਮ ਵਿੱਚ ਤਰਥਲੀ ਮਚਾ ਦਿੱਤੀ।



ਉਪਰੋਕਤ (1) ਅਤੇ (2) ਘਿਨਾਉਣੇ ਕਾਂਡ ਦੇ ਦ੍ਰਿਸ਼

ਭਗਤ ਸਿੰਘ ਨੇ ਵੀ ਵਾਰਦਾਤ ਵਾਲੀ ਥਾਂ ਜਾਕੇ ਵੇਖੀ ਅਤੇ 5 ਮਾਰਚ ਨੂੰ ਹੋਈ ਇੱਕ ਕਾਨਫ਼੍ਰੰਸ ਵਿੱਚ ਭਾਗ ਲਿਆ ਅਤੇ ਉਥੋਂ ਯਾਦਗਾਰੀ ਕੈਲੰਡਰ ਵੀ ਪ੍ਰਾਪਤ ਕੀਤਾ। ਉਹਨੀਂ ਦਿਨੀਂ ਬਹੁਤ ਸਾਰੇ ਸਿੱਖ ਰੋਸ ਵਜੋਂ ਕਾਲੀ ਦਸਤਾਰ ਸਜਾਉਣ ਲੱਗ ਪਏ ਸੀ, ਤੇ ਭਗਤ ਸਿੰਘ ਵੀ ਪਿੱਛੇ ਨਾ ਰਹਿੰਦੇ ਹੋਇਆਂ, ਇੰਜ ਹੀ ਕਰ ਰਿਹਾ ਸੀ। ਭਗਤ ਸਿੰਘ ਦੀ ਇਹ ਨਨਕਾਣਾ ਸਾਹਿਬ ਦੀ ਯਾਤਰਾ ਵੀ, 14 ਅਪ੍ਰੈਲ

---

* ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੁਲਾ 134109, ਫੋਨ: 0172–2556314,
ਈਮੇਲ: mjswaraich29@gmail.com

1919 ਨੂੰ ਜਲ੍ਹਿਆਂਵਾਲੇ ਬਾਗ ਦੀ ਫੇਰੀ ਵਾਂਗ ਹੀ ਸੀ ਤੇ ਇਸ ਦੇ ਪ੍ਰਭਾਵ ਅਧੀਨ ਹੀ ਭਗਤ ਸਿੰਘ ਨੇ ਆਪਣੀ ਛੋਟੀ ਭੈਣ ਅਮਰ ਕੌਰ ਨਾਲ ਰਲ ਕੇ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਪੰਜਾਬੀ ਅਤੇ ਗੁਰਮੁੱਖੀ ਦੀ ਯੋਗਤਾ ਹਾਸਲ ਕੀਤੀ।

ਨਨਕਾਣੇ ਸਾਹਿਬ ’ਤੇ ਮਹੰਤ ਨਰੈਣ ਦਾਸ ਦਾ ਕਬਜ਼ਾ ਸੀ, ਜੋ ਖੁੱਲ੍ਹੇਆਮ ਗੁਰਦੁਆਰੇ ਅੰਦਰ ਬਦਮਾਸ਼ੀ ਕਰਦਾ ਸੀ। ਅਕਤੂਬਰ 1920 ’ਚ ਪਿੰਡ ਧਾਰੋਵਾਲੀ, ਜ਼ਿਲ੍ਹਾ ਸ਼ੇਖੂਪੁਰਾ ਵਿੱਚ ਬੜਾ ਭਾਰੀ ਦੀਵਾਨ ਹੋਇਆ ਜਿਸ ਵਿੱਚ ਮਤਾ ਪਾਸ ਕੀਤਾ ਗਿਆ ਕਿ ਗੁਰਦੁਆਰਾ ਨਨਕਾਣਾ ਸਾਹਿਬ ਦਾ ਸੁਧਾਰ ਕੀਤਾ ਜਾਵੇ। ਫੇਰ 23 ਜਨਵਰੀ 1921 ਅਤੇ 6 ਫਰਵਰੀ ਨੂੰ ਸ੍ਰੀ ਅਕਾਲ ਤਖ਼ਤ ’ਤੇ ਸ਼੍ਰੋਮਣੀ ਕਮੇਟੀ ਦੇ ਸਮਾਗਮ ਹੋਏ, ਜਿਨ੍ਹਾਂ ’ਚ ਵੀ ਇਸੇ ਵਿਸ਼ੇ ’ਤੇ ਵਿਚਾਰ ਹੋਈ। ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 4, 5, 6 ਮਾਰਚ ਨੂੰ ਸਮੂਹ ਖਾਲਸੇ ਦਾ ਦੀਵਾਨ ਹੋਵੇਗਾ ਤੇ ਮਹੰਤ ਨੂੰ ਸੱਦਾ ਦਿੱਤਾ ਜਾਵੇਗਾ ਕਿ ਉਹ ਆਪਣਾ ਸੁਧਾਰ ਕਰੇ।

ਮਹੰਤ ਨੂੰ ਜਦ ਇਹ ਕਨਸੋਅ ਮਿਲੀ ਤਾਂ ਉਸ ਨੇ ਫੈਸਲਾ ਕੀਤਾ ਕਿ ਉਹ ਕਿਸੇ ਕੀਮਤ ’ਤੇ ਵੀ ਗੁਰਦੁਆਰੇ ਦਾ ਕੰਟਰੋਲ ਨਹੀਂ ਛੱਡੇਗਾ। ਉਸ ਨੇ 28 ਪਠਾਣ ਤੇ ਕੁੱਝ ਬਦਮਾਸ਼ ਨੌਕਰ ਰੱਖ ਲਏ। ਬੰਦੂਕਾਂ ਤੇ ਛਵ੍ਹੀਆਂ ਇਕੱਠੀਆਂ ਕਰਕੇ ਪੂਰੀ ਤਿਆਰੀ ਕਰ ਲਈ।

ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਪਤਾ ਲੱਗਾ ਕਿ ਮਹਤ ਅਕਾਲੀ ਆਗੂਆਂ ਨੂੰ ਗੱਲਬਾਤ ਦੇ ਬਹਾਨੇ 4, 5, 6 ਮਾਰਚ 1921 ਨੂੰ ਗੁਰਦੁਆਰੇ ਅੰਦਰ ਬੁਲਾ ਕੇ ਖਤਮ ਕਰ ਦੇਣ ਦੀ ਸੋਚ ਰਿਹਾ ਹੈ। ਸੋ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਅਤੇ ਸ. ਬੂਟਾ ਸਿੰਘ ਲਾਇਲਪੁਰ ਨੇ ਸਲਾਹ-ਮਸ਼ਵਰਾ ਕਰਕੇ ਫੈਸਲਾ ਕੀਤਾ ਕਿ ਅਕਾਲੀ ਆਗੂਆਂ ਨੂੰ ਬਚਾਉਣ ਵਾਸਤੇ 4 ਮਾਰਚ ਤੋਂ ਪਹਿਲਾਂ-ਪਹਿਲਾਂ ਗੁਰਦੁਆਰ ’ਤੇ ਕਬਜ਼ਾ ਕਰ ਲਿਆ ਜਾਵੇ। ਉਨ੍ਹਾਂ 19 ਫਰਵਰੀ ਸਵੇਰੇ ਨਨਕਾਣੇ ਸਾਹਿਬ ਪੁੱਜਣ ਦਾ ਫੈਸਲਾ ਕੀਤਾ।

ਪਰ ਕੁੱਝ ਆਗੂ ਇਹ ਨਹੀਂ ਸੀ ਚਾਹੁੰਦੇ, ਕਿਉਂਕਿ ਸ਼੍ਰੋਮਣੀ ਕਮੇਟੀ ਦਾ ਫੈਸਲਾ 4, 5, 6 ਮਾਰਚ ਨੂੰ ਹੀ ਅਗਲੇਰੀ ਕਾਰਵਾਈ ਕਰਨ ਦਾ ਸੀ। ਤਦ ਅਨੁਸਾਰ ਉਨ੍ਹਾਂ ਨੇ ਜਥੇ ਨੂੰ ਜਾਣੋ ਰੋਕਣ ਲਈ ਜਥੇ ਨਾਲ ਸੰਪਰਕ ਕਰਨ ਦਾ ਯਤਨ ਕੀਤਾ ਤੇ ਕਾਮਯਾਬ ਵੀ ਹੋ ਗਏ। ਸਾਰੇ ਇਹ ਹੁਕਮ ਮੰਨ ਕੇ ਵਾਪਸ ਮੁੜਨ ਲਈ ਤਿਆਰ ਹੋ ਗਏ, ਪਰ ਭਾਈ ਟਹਿਲ ਸਿੰਘ ਨੇ ਇਹ ਕਹਿੰਦੇ ਹੋਏ ਰੋਕ ਲਿਆ ਕਿ ਜੇ ਇਥੇ ਆਏ ਹਾਂ ਤਾਂ ਗੁਰਦੁਆਰੇ ਮੱਥਾ ਤਾਂ ਟੇਕ ਲਈਏ। ਭਾਈ ਲਛਮਣ ਸਿੰਘ ਮੰਨ ਗਏ ਤੇ ਜਥਾ ਗੁਰਦੁਆਰੇ ਜਨਮ ਅਸਥਾਨ ਪਹੁੰਚ ਗਿਆ ਤੇ 20 ਫਰਵਰੀ ਨੂੰ 6 ਵਜੇ ਦੇ ਕਰੀਬ ਉਹ ਗੁਰਦੁਆਰੇ ਜਾ ਦਾਖਲ ਹੋਏ। — ਇਹ ਵੇਰਵਾ ‘ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ’ ਕ੍ਰਿਤ ਸ. ਰਾਮ ਸਿੰਘ ਮਜੀਠਾ (ਭਾਗ-ਪਹਿਲਾ) ਪੰਨੇ 225-227 ’ਤੇ ਆਧਾਰਤ ਹੈ।

**ਭੁੱਲੇ ਵਿਸਰੇ ਸ਼ਹੀਦ**

ਅਸੀਂ ਸਾਰੇ ਬਚਪਨ ਤੋਂ ਲੈ ਕੇ ਅੱਜ ਤੀਕ ਅਰਦਾਸ ਵਿੱਚ ਇਨ੍ਹਾਂ ਸਿੰਘਾਂ ਦੀਆਂ ਸ਼ਹੀਦੀਆਂ ਦੀ ਯਾਦ ਤਾਜ਼ਾ ਕਰਦੇ ਆ ਰਹੇ ਹਾਂ, ਪਰ ਕਿਸੇ ਵਿਰਲੇ ਨੇ ਹੀ ਕਦੇ ਇਨ੍ਹਾਂ ਨੂੰ ਪਛਾਨਣ ਦੀ ਕੋਸ਼ਿਸ਼ ਕੀਤੀ ਹੋਵੇ। ਜਿਵੇਂ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਅਜੇ ਤੀਕ ਠੀਕ ਗਿਣਤੀ ਦਾ ਵੀ ਪਤਾ ਨਹੀਂ ਲਗ ਸਕਿਆ; ਸਿਰਫ 86 ਨਾਵਾਂ ਦੀ ਸੂਚੀ ਬਣ ਸਕੀ ਹੈ।

**ਭੁਲਾਇਆ ਕਿਸ ਨੇ?**

ਪੰਜਾਬ ਵਿੱਚ ਖਾਸ ਕਰਕੇ ਸਿੱਖ ਨੇਤਾ ਤੇ ਬੁੱਧੀਜੀਵੀ ਇਹ ਕਹਿੰਦੇ ਨਹੀਂ ਥੱਕਦ ਕਿ ਸਿੱਖਾਂ ਨੇ ਆਜ਼ਾਦੀ ਸੰਗਰਾਮ ਵਿੱਚ ਮਹਾਨ ਯੋਗਦਾਨ ਪਾਇਆ ਹੈ, ਪਰ ਸਰਕਾਰ ਨੇ ਮੁੱਲ ਨਹੀਂ ਪਾਇਆ। ਮੈਂ ਇੱਕ ਖੋਜੀ ਹੋਣ ਦੇ ਨਾਤੇ ਦੇਸ਼ ਬਾਰੇ ਤੱਥ ਜਾਨਣ ਦਾ ਯਤਨ ਕਰਦਾ ਹਾਂ। ਆਓ ਅੱਜ ਇਸ ਧਾਰਨਾ ਦੀ ਪੁਸ਼ਟੀ ਨਨਕਾਣੇ ਸਾਹਿਬ ਦੇ ਸ਼ਹੀਦਾਂ ਬਾਰੇ ਉਪਲਬਧ ਜਾਣਕਾਰੀ ਤੋਂ ਹੀ ਕਰ ਵੇਖੀਏ।

ਹਿੰਦ ਸਰਕਾਰ ਨੇ 1969 ਅਤੇ 1972 ਵਿੱਚ ਸ਼ਹੀਦਾਂ ਬਾਰੇ ਦੋ ਪੁਸਤਕਾਂ ਛਾਪੀਆਂ ਹਨ — ‘Martyrs’ ਅਤੇ ‘Who’s Who’। ਇਨ੍ਹਾਂ ਕਿਤਾਬਾਂ ਵਿੱਚ ਸਾਡੇ ਇਨ੍ਹਾਂ 86 ਸ਼ਹੀਦਾਂ ਵਿੱਚੋਂ 69 ਦੇ ਨਾਮ ਤੇ ਪਤੇ ਦਿੱਤੇ ਗਏ ਹਨ। ਇਸ ਲੇਖ ਵਿੱਚ ਸ਼ਾਮਲ ਸੂਚੀ ਦੇ ਹੇਠ ਲਿਖੇ ਨੰਬਰਾਂ ਵਾਲੇ ਸ਼ਹੀਦਾਂ ਨੂੰ ਛੱਡ ਕੇ ਬਾਕੀ ਸਾਰੇ ਦਰਜ ਹਨ ਤੇ ਕਈਆਂ ਨਾਵਾਂ ਨੂੰ ਦੋ-ਦੋ ਵਾਰੀ ਲਿਖਿਆ ਗਿਆ ਹੈ।

ਸੂਚੀ ’ਚ ਜੋ ਨਾਂ ਨਹੀਂ ਮਿਲਦੇ ਹਨ:— 5, 11, 15, 25, 27, 37, 44, 47, 54, 55, 60, 61, 66, 75, 77, 85 ਅਤੇ 86।

ਜੈਤੋ, ਗੁਰੂ ਕੇ ਬਾਗ ਤੇ ਹੋਰ ਗੁਰਦੁਆਰਾ ਲਹਿਰਾਂ ਵਿੱਚ ਹੋਏ ਸ਼ਹੀਦਾਂ, ਕੂਕਾ ਲਹਿਰ ਅਤੇ ਬੱਬਰ ਲਹਿਰ ਦੇ ਸ਼ਹੀਦਾਂ ਬਾਰੇ ਵੀ ਸਥਿਤੀ ਲਗਪਗ ਇਸੇ ਤਰ੍ਹਾਂ ਹੀ ਹੈ।

ਅੰਤ ਵਿੱਚ ਮੈਂ ਸ. ਗੁਰਬਖਸ਼ ਸਿੰਘ ‘ਸ਼ਮਸ਼ੇਰ’ ਦੀ ਘਾਲਣਾ ਬਾਰੇ ਕਹਿਣਾ ਚਾਹਾਂਗਾ। ਉਨ੍ਹਾਂ ਨੇ ਪਿੰਡ-ਪਿੰਡ ਫਿਰ ਕੇ ਇਨ੍ਹਾਂ ਸ਼ਹੀਦਾਂ ਬਾਰੇ ਬਹੁਤ ਵੇਰਵੇ ਇਕੱਠੇ ਕਰਕੇ 485 ਸਫੇ ਦੀ ਰਚਨਾ ਤਿਆਰ ਕਰਕੇ ਮਾਅਰਕੇ ਦਾ ਕੰਮ ਕੀਤਾ ਹੈ। “ਸ਼ਹੀਦੀ ਕਾਨਫਰੰਸਾਂ” ਅੱਜ ਕੱਲ੍ਹ ਇੱਕ-ਦੂਜੇ ’ਤੇ ਦੂਸ਼ਣਬਾਜ਼ੀ ਦਾ ਅਖਾੜਾ ਬਣ ਕੇ ਰਹਿ ਗਈਆਂ ਹਨ।

**ਧਾਰੋਵਾਲੀ ਦੇ ਸ਼ਹੀਦ —** 1. ਭਾਈ ਲਛਮਣ ਸਿੰਘ ਜਥੇਦਾਰ, 2. ਭਾਈ ਈਸ਼ਰ ਸਿੰਘ ਜਥੇਦਾਰ, 3. ਭਾਈ ਮੰਗਲ ਸਿੰਘ ਕਿਰਪਾਨ ਬਹਾਦਰ, 4. ਭਾਈ ਸੁੰਦਰ ਸਿੰਘ, 5. ਭਾਈ ਆਤਮਾ ਸਿੰਘ, 6. ਭਾਈ ਈਸ਼ਰ ਸਿੰਘ ਜੀ (ਨੰ. 2); **ਕੋਟਲਾ ਸੰਤਾ ਸਿੰਘ ਦਾ ਸ਼ਹੀਦ —** 7. ਭਾਈ ਚਰਨ ਸਿੰਘ; **ਬੁਰਜ ਚੱਕ ਨੰ. 55 ਦੇ ਸ਼ਹੀਦ —** 8. ਭਾਈ ਨਾਰਾਇਣ ਸਿਘ, 9. ਭਾਈ ਦਿਆਲ ਸਿੰਘ, 10 ਭਾਈ ਕਿਸ਼ਨ ਸਿੰਘ; **ਬੰਡਾਲਾ ਚੱਕ ਨੰ. 64 ਦੇ ਸ਼ਹੀਦ** — 11. ਭਾਈ ਹਜ਼ਾਰਾ ਸਿੰਘ, 12. ਭਾਈ ਵਰਿਆਮ ਸਿੰਘ, 13. ਭਾਈ ਚੇਤ ਸਿੰਘ, 14. ਭਾਈ ਉਜਾਗਰ ਸਿੰਘ; **ਬੰਡਾਲਾ ਚੱਕ ਨੰ. 71 ਦੇ ਸ਼ਹੀਦ —** 15. ਭਾਈ ਸੱਮਾਂ ਸਿੰਘ, 16. ਭਾਈ ਬਾਰਾ ਸਿੰਘ, 17. ਭਾਈ ਇੱਛਰ ਸਿੰਘ, 18. ਭਾਈ ਧਰਮ ਸਿੰਘ; **ਨਜ਼ਾਮਪੁਰ ਦੇਵਾ ਸਿੰਘ ਵਾਲੇ ਦੇ ਸ਼ਹੀਦ —** 19. ਭਾਈ ਟਹਿਲ ਸਿੰਘ, 20. ਭਾਈ ਸੁਰੈਣ ਸਿੰਘ, 21. ਭਾਈ ਬੱਗਾ ਸਿੰਘ, 22. ਭਾਈ ਹਰਨਾਮ ਸਿੰਘ, 23. ਭਾਈ ਦਲ ਸਿੰਘ, 24. ਭਾਈ ਕੇਸਰ ਸਿੰਘ, 25. ਭਾਈ ਭਗਵਾਨ ਸਿੰਘ, 26. ਭਾਈ ਜਵਾਲਾ ਸਿੰਘ, 27. ਭਾਈ ਖੁਸ਼ਹਾਲ ਸਿੰਘ, 28. ਭਾਈ ਜਵੰਦ ਸਿੰਘ, 29. ਭਾਈ ਪੰਜਾਬ ਸਿੰਘ, 30. ਭਾਈ ਨਾਰਾਇਣ ਸਿੰਘ, 31. ਭਾਈ ਰਾਮ ਸਿੰਘ, 32. ਭਾਈ ਸੁੰਦਰ ਸਿੰਘ, 33. ਭਾਈ ਭਾਗ ਸਿੰਘ; **ਨਜ਼ਾਮਪੁਰ ਮੂਲਾ ਸਿੰਘ ਵਾਲੇ ਦੇ ਸ਼ਹੀਦ —** 34. ਭਾਈ ਸੇਵਾ ਸਿੰਘ, 35. ਭਾਈ ਬੂੜ ਸਿੰਘ, 36. ਭਾਈ ਸੁਰੈਣ ਸਿੰਘ; **ਨਜ਼ਾਮਪੁਰ ਚੇਲੇ ਵਾਲੇ ਦੇ ਸ਼ਹੀਦ —** 37. ਭਾਈ ਗੁੱਜਰ ਸਿੰਘ, 38. ਭਾਈ ਚੰਦਾ ਸਿੰਘ, 39. ਭਾਈ ਗੰਗਾ ਸਿੰਘ, 40. ਭਾਈ ਵਰਿਆਮ ਸਿੰਘ; **ਫਤਿਹਗੜ੍ਹ ਸ਼ੁਕਰਚੱਕੀਆਂ ਦਾ ਸ਼ਹੀਦ —** 41. ਭਾਈ ਸੰਤਾ ਸਿੰਘ; **ਬਹੋੜੂ ਚੱਕ ਨੰ. 18 ਦੇ ਸ਼ਹੀਦ —** 42. ਭਾਈ ਈਸ਼ਰ ਸਿੰਘ ਜੀ ਗ੍ਰੰਥੀ, 43. ਭਾਈ ਗੋਪਾਲ ਸਿੰਘ, 44. ਭਾਈ ਮੋਤਾ ਸਿੰਘ; **ਬੋਥੀਆਂ ਚੱਕ ਨੰ. 10 ਦੇ ਸ਼ਹੀਦ —** 45. ਭਾਈ ਨੰਦ ਸਿੰਘ, 46. ਭਾਈ ਹਰੀ ਸਿੰਘ, 47. ਭਾਈ ਅਰੂੜ ਸਿੰਘ, 48. ਭਾਈ ਤੇਜਾ ਸਿੰਘ; **ਕਰਤਾਰਪੁਰ ਜ਼ਿਲ੍ਹਾ ਜਲੰਧਰ ਦਾ ਸ਼ਹੀਦ —** 49. ਭਾਈ ਬੇਲਾ ਸਿੰਘ; **ਵੱਲਾ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਦਾ ਸ਼ਹੀਦ —** 50. ਭਾਈ ਮੂਲਾ ਸਿੰਘ; **ਡੱਲਾ ਨੰਗਲ ਦਾ ਸ਼ਹੀਦ —** 51. ਭਾਈ ਲਛਮਣ ਸਿੰਘ ਜੀ ਗ੍ਰੰਥੀ, **ਸ਼ਾਹਕੋਟ ਦੇ ਸ਼ਹੀਦ —** 52. ਭਾਈ ਸੰਤਾ ਸਿੰਘ ਜਥੇਦਾਰ, 53. ਭਾਈ ਹਰਨਾਮ ਸਿੰਘ, 54. ਭਾਈ ਗੁਰਬਖਸ਼ ਸਿੰਘ, 55. ਭਾਈ ਇੰਦਰ ਸਿੰਘ, 56. ਭਾਈ ਗੁਲਾਬ ਸਿੰਘ; **ਜਰਗ ਦੇ ਸ਼ਹੀਦ —** 57. ਭਾਈ ਕੇਹਰ ਸਿੰਘ, 58. ਭਾਈ ਦਰਬਾਰਾ ਸਿੰਘ; **ਭਸੀਣ (ਜ਼ਿਲ੍ਹਾ ਲਾਹੌਰ) ਦਾ ਸ਼ਹੀਦ—** 59. ਭਾਈ ਗੰਡਾ ਸਿੰਘ; **ਡੱਲਾ ਚੰਦਾ ਸਿੰਘ ਦਾ ਸ਼ਹੀਦ —** 60. ਭਾਈ ਬਚਿੱਤਰ ਸਿੰਘ; **ਵਨੋਟਿਆ ਦੇ ਸ਼ਹੀਦ —** 61. ਭਾਈ ਕੇਸਰ ਸਿੰਘ, 62. ਭਾਈ ਸੋਹਣ ਸਿੰਘ, 63. ਭਾਈ ਵਰਿਆਮ ਸਿੰਘ, 64. ਭਾਈ ਹੀਰਾ ਸਿੰਘ; **ਧਨੂੰਆਣਾ ਚੱਕ ਨੰ. 91 ਦੇ ਸ਼ਹੀਦ —** 65. ਭਾਈ ਸੁੰਦਰ ਸਿੰਘ, 66. ਭਾਈ ਸੋਹਣ ਸਿੰਘ, 67. ਭਾਈ ਹੁਕਮ ਸਿੰਘ, 68. ਭਾਈ ਵਰਿਆਮ ਸਿੰਘ, 69. ਭਾਈ ਦੀਵਾਨ ਸਿੰਘ, 70. ਭਾਈ ਇੰਦਰ ਸਿੰਘ, 71. ਭਾਈ ਦਸੌਂਧਾ ਸਿੰਘ, 72. ਭਾਈ ਹਰੀ ਸਿੰਘ, 73. ਭਾਈ ਢੇਰਾ ਸਿੰਘ; **ਮਾਣਕ ਘੁੰਮਣ (ਜ਼ਿਲ੍ਹਾ ਜਲੰਧਰ) ਦਾ ਸ਼ਹੀਦ —** 74. ਭਾਈ ਠਾਕੁਰ ਸਿੰਘ; **ਫਰਾਲਾ ਚੱਕ ਨੰ. 258 ਦੇ ਸ਼ਹੀਦ —** 75. ਭਾਈ ਬਚਿੰਤ ਸਿੰਘ, 76. ਭਾਈ ਕਨ੍ਹਈਆ ਸਿੰਘ; **ਧਿਹਾੜੇ (ਜ਼ਿਲ੍ਹਾ ਹੁਸ਼ਿਆਰਪੁਰ) ਦਾ ਸ਼ਹੀਦ —** 77. ਭਾਈ ਬੰਤਾ ਸਿੰਘ; **ਕਰਤਾਰਪੁਰ (ਜ਼ਿਲ੍ਹਾ ਸਿਆਲਕੋਟ) ਦਾ ਸ਼ਹੀਦ —** 78. ਭਾਈ ਬੁੱਧ ਸਿੰਘ; **ਸਾਹੋਵਾਲ ਦਾ ਸ਼ਹੀਦ —** 79. ਭਾਈ ਦਲੀਪ ਸਿੰਘ; **ਦੇਸ਼ ਸੇਵਾ ਦੇ ਮੈਦਾਨ ਵਿੱਚ ਟਿੱਬੀ ਜੈ ਸਿੰਘ ਜ਼ਿਲ੍ਹਾ ਮਿੰਟਗੁਮਰੀ ਦਾ ਸ਼ਹੀਦ —** 80. ਭਾਈ ਵਰਿਆਰ ਸਿੰਘ; **ਲਹੁਕੇ ਚੱਕ ਨੰ. 75 ਦੇ ਸ਼ਹੀਦ —** 81. ਭਾਈ ਨਾਰਾਇਣ ਸਿੰਘ, 82. ਭਾਈ ਕਰਮ ਸਿੰਘ, 83. ਭਾਈ ਮਹਿੰਗਾ ਸਿੰਘ; **ਲਾਇਲਪੁਰ ਦਾ ਸ਼ਹੀਦ —** 84. ਭਾਈ ਜੀਵਨ ਸਿੰਘ ਪਰਉਪਕਾਰੀ; **ਡਿੰਗਾ (ਜ਼ਿਲ੍ਹਾ ਗੁਜਰਾਤ) ਦੇ ਸ਼ਹੀਦ —** 85. ਭਾਈ ਚਰਨ ਸਿੰਘ; ਅਤੇ **ਸਬਾਜਪੁਰਾ (ਜ਼ਿਲ੍ਹਾ ਅੰਮ੍ਰਿਤਸਰ) ਦਾ ਸ਼ਹੀਦ —** 86 ਭਾਈ ਜਗਤ ਸਿੰਘ।

---